Diary No- 001 Dat 01/04/2026

# ਉਪ ਮੰਡਲ ਅਫ਼ਸਰ (ਪਰ) ਸਮਾਣਾ

ਦਫਤਰ: ਬੀ.ਡੀ.ਪੀ.ਓ ਆਫਿਸ ਕੰਪਲੈਕਸ ਨੇੜੇ ਗੁਰਦੁਆਰਾ ਥੜ੍ਹਾ ਸਾਹਿਬ ਸਮਾਣਾ।

ਵੱਲ

ਪ੍ਰਿੰਸੀਪਲ
ਡੀ.ਏ.ਵੀ ਪਬਲਿਕ ਸਕੂਲ,
ਬਾਦਸ਼ਾਹਪੁਰ ਮੰਡੀ ਜ਼ਿਲ੍ਹਾਂ ਪਟਿਆਲਾ।

ਮੀਮੋ ਨੰ: 01 ਮਿਤੀ: 01/04/2026

ਵਿਸ਼ਾ: ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਆਪ ਜੀ ਦੇ ਸਕੂਲ ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਆਪ ਜੀ ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਦੇ ਆਧਾਰ ਤੇ ਅਤੇ ਆਪ ਵੱਲੋਂ ਪੇਸ਼ ਕੀਤੇ ਗਏ ਨਕਸ਼ੇ ਅਤੇ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਕੀਤੀ ਗਈ ਰਿਪੋਰਟ ਅਨੁਸਾਰ ਕਿ ਬਿਲਡਿੰਗ ਵੇਖਣ ਨੂੰ ਸੁਰੱਖਿਅਤ ਜਾਪਦੀ ਹੈ ਅਤੇ ਇਹ ਇਮਾਰਤ ਵਰਤਣ ਯੋਗ ਹੈ, ਦੇ ਆਧਾਰ ਤੇ ਮਿਤੀ 31/03/2027 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1) ਆਪ ਇਸ ਸਮੇ ਦੌਰਾਨ ਇਸ ਬਿਲਡਿੰਗ ਦੇ ਪੇਸ਼ ਕੀਤੇ ਨਕਸ਼ੇ ਵਿੱਚ ਕੋਈ ਵਾਧਾ ਜਾਂ ਤਰਮੀਮ ਨਹੀਂਕਰੋਂਗੇ। ਜੇਕਰ ਆਪ ਦੀ ਸੰਸਥਾ ਵੱਲੋਂ ਅਜਿਹਾ ਕੀਤਾ ਗਿਆ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ ਅਤੇ ਆਪ ਨੂੰ ਨਵਾਂ ਸਕੂਲ ਸਰਟੀਫਿਕੇਟ ਜਾਰੀ ਕਰਵਾਉਣ ਹਿੱਤ ਦੁਬਾਰਾ ਤੋਂ ਅਪਲਾਈ ਕਰਨਾ ਹੋਵੇਗਾ।
2) ਜੇਕਰ ਆਪ ਵੱਲੋਂ ਇਸ ਬਿਲਡਿੰਗ ਵਿੱਚ ਕਿਸੇ ਕਿਸਮ ਦਾ ਵਾਧਾ ਜਾਂ ਤਰਮੀਮ ਕੀਤਾ ਜਾਂਦਾ ਹੈ ਤਾਂ ਇਹ ਕਿਸੇ ਸਰਟੀਫਾਇਡ ਇੰਜੀਨੀਅਰ ਦੀ ਦੇਖ-ਰੇਖ ਵਿੱਚ ਅਤੇ ਇਸ ਦਫਤਰ ਨੂੰ ਸੂਚਨਾ ਦਿੰਦਿਆਂ ਹੋਇਆ ਕਰਵਾਇਆ ਜਾਵੇ। ਵਾਧਾ ਮੁਕੰਮਲ ਹੋਣ ਉਪਰੰਤ ਆਪ ਇਹ ਸਰਟੀਫਿਕੇਟ ਦੁਬਾਰਾ ਤੋਂ ਜਾਰੀ ਕਰਵਾਉਗੇ।
3) ਜੇਕਰ ਕਿਸੇ ਕੁਦਰਤੀ ਕਾਰਨਾਂ ਕਰਕੇ ਇਸ ਇਮਾਰਤ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਦਾ ਹੈ ਤਾਂ ਇਸ ਦਫਤਰ ਨੂੰ ਫੌਰੀ ਤੌਰ ਤੇ ਸੂਚਨਾ ਦਿੱਤੀ ਜਾਵੇ ਜੀ।
4) ਇਹ ਸਰਟੀਫਿਕੇਟ ਮਿਤੀ 31-03-2027 ਤੱਕ ਹੀ ਵੈਲਿਡ ਹੋਵੇਗਾ।
5) ਸੜਕ ਤੋਂ ਸਕੂਲ ਤੱਕ ਅਤੇ ਸੜਕ ਕਰਾਸਿੰਗ ਲਈ ਲੋੜੀਂਦੇ ਪ੍ਰਬੰਧ ਸਹੀ ਢੰਗ ਨਾਲ ਕੀਤੇ ਜਾਣ ਅਤੇ ਲੋੜੀਂਦੇ ਨਿਸ਼ਾਨ ਚਿੰਨ ਅਤੇ ਨਿਸ਼ਾਨ ਬੋਰਡ ਆਪਣੇ ਪੱਧਰ ਤੇ ਲਗਾਏ ਜਾਣੇ ਯਕੀਨੀ ਬਣਾਏ ਜਾਣ।
6) ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਜਾਰੀ ਸਕੂਲ ਬੱਸਾਂ ਵਿੱਚ ਸੁਰੱਖਿਆ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
7) ਪਾਰਕਿੰਗ ਲਈ ਇੰਤਜ਼ਾਮ ਸਕੂਲ ਅਥਾਰਟੀ ਆਪਣੇ ਪੱਧਰ ਤੇ ਕਰੇਗੀ, ਜਿਸ ਨਾਲ ਪਬਲਿਕ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣੀ ਚਾਹੀਦੀ ਹੈ।

ਉਪ ਮੰਡਲ ਅਫ਼ਸਰ
ਪੰਚਾਇਤੀ ਰਾਜ
ਪਟਿਆਲਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ (ਪਰਡ) ਪਟਿਆਲਾ ਜੀ ਨੂੰ ਸਮੇਤ ਡਰਾਫਟ ਨੰ. 376296 ਮਿਤੀ 31/03/2026 ਰਕਮੀਂ 10000/-ਰੁ: ਦੇ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ਬੈਂਕ ਡਰਾਫਟ ਉਕਤ ਅਨੁਸਾਰ

ਉਪ ਮੰਡਲ ਅਫ਼ਸਰ
ਪੰਚਾਇਤੀ ਰਾਜ
ਪਟਿਆਲਾ।

Ms. Poonam Singh
Principal
DAV Public School
Badshahpur Mandi (Ugoke)
Affiliated to CBSE Delhi (No.1631189)
School Code: 21176